# ਬਿਜ਼ਨਸ ਦੇ ਵਸੀਲੇ

BRITISH COLUMBIA

## ਪੱਤਰ ਬਾਰੇ ਸੰਖੇਪ ਜਾਣਕਾਰੀ

ਇਹ ਬ੍ਰਿਟਿਸ਼ ਕੋਲੰਬੀਆ ਵਿੱਚ ਬਿਜ਼ਨਸ ਵਿੱਚ ਸਹਾਇਤਾ ਲਈ ਇੱਕ ਸ਼ੁਰੂਆਤੀ ਬਿੰਦੂ ਹੈ। ਆਪਣਾ ਬਿਜ਼ਨਸ ਸ਼ੁਰੂ ਕਰਨ, ਪ੍ਰਬੰਧ ਚਲਾਉਣ ਅਤੇ ਵਧਾਉਣ ਲਈ ਸੰਪਰਕ, ਸਾਧਨ ਅਤੇ ਵਰਤੋਂ ਲਈ ਤਿਆਰ ਟੈਂਪਲੇਟਾਂ ਇਸ ਪੱਤਰ ਵਿੱਚ ਹਨ। ਤੁਹਾਨੂੰ ਪ੍ਰੋਗਰਾਮਾਂ ਅਤੇ ਸੇਵਾਵਾਂ, ਟੈਕਸਾਂ ਬਾਰੇ ਸਿੱਖਣ, ਅਤੇ ਆਫ਼ਤ ਲਈ ਤਿਆਰੀ ਜਾਂ ਉਸ ਤੋਂ ਉੱਭਰਨ ਲਈ ਜਾਣਕਾਰੀ ਵੀ ਮਿਲ ਸਕਦੀ ਹੈ।

**ਵੈੱਬ ਸੰਸਕਰਨ ਕਈ ਭਾਸ਼ਾਵਾਂ ਵਿੱਚ ਉਪਲਬਧ ਹੈ**

### ਤੇਜ਼ ਹਵਾਲਾ ਗਾਈਡ

ਬੀ.ਸੀ. ਵਿੱਚ ਬਿਜ਼ਨਸ ਸ਼ੁਰੂ ਕਰਨ ਅਤੇ ਚਲਾਉਣ ਲਈ ਜ਼ਰੂਰੀ ਕਦਮ

gov.bc.ca/startyourbusiness




**ਕਦਮ 1:** ਆਪਣੇ ਬਿਜ਼ਨਸ ਦੀ ਯੋਜਨਾ ਬਣਾਓ

**ਕਦਮ 2:** ਆਪਣੇ ਬਿਜ਼ਨਸ ਦੀ ਰੂਪ-ਰੇਖਾ ਚੁਣੋ

**ਕਦਮ 3:** ਬਿਜ਼ਨਸ ਦਾ ਨਾਮ ਚੁਣੋ

**ਕਦਮ 4:** ਆਪਣੇ ਬਿਜ਼ਨਸ ਨੂੰ ਰਜਿਸਟਰ ਕਰੋ ਜਾਂ ਕਾਰਪੋਰੇਸ਼ਨ ਬਣਾਓ

**ਕਦਮ 5:** ਪਰਮਿਟ ਅਤੇ ਲਾਇਸੈਂਸਾਂ ਲਈ ਅਰਜ਼ੀ ਦਿਓ

**ਕਦਮ 6:** ਟੈਕਸਾਂ ਲਈ ਰਜਿਸਟਰ ਕਰੋ

**ਕਦਮ 7:** ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖੋ

[Punjabi]

## ਕਾਰੋਬਾਰ ਸਲਾਹਕਾਰ

ਸਲਾਹਕਾਰ ਤੋਂ ਮੁਫ਼ਤ ਵਿੱਚ ਮਦਦ ਪ੍ਰਾਪਤ ਕਰੋ, ਜਿਸ ਵਿੱਚ ਪ੍ਰੋਗਰਾਮਾਂ ਨੂੰ ਸਮਝਣ ਅਤੇ ਫੰਡਾਂ ਦੇ ਮੌਕਿਆਂ ਲਈ ਸੇਧਾਂ ਸ਼ਾਮਲ ਹਨ ।

gov.bc.ca/businessadvisors

**ਫੋਨ:** 1-855-698-2157

**ਈਮੇਲ:** Business.Advisors@gov.bc.ca

## ਫੀਡਬੈਕ

**ਈਜ਼ ਆਫ ਡੂਇੰਗ ਬਿਜ਼ਨਸ (ਕਾਰੋਬਾਰ ਕਰਨ ਵਿੱਚ ਸੌਖ)** ਬੀ.ਸੀ. ਵਿੱਚ ਬਿਜ਼ਨਸ ਕਰਨਾ ਆਸਾਨ ਬਣਾਉਣ ਦੇ ਤਰੀਕਿਆਂ ਦੀ ਪਛਾਣ ਕਰਨ ਵਿੱਚ ਸਾਡੀ ਮਦਦ ਕਰੋ।

gov.bc.ca/easeofdoingbusiness

## ਵਸੀਲੇ

ਆਪਣੇ ਬਿਜ਼ਨਸ ਨੂੰ ਸਫਲ ਬਣਾਉਣ ਵਿੱਚ ਮਦਦ ਲੈਣ ਲਈ ਸਾਧਨਾਂ, ਸਰਕਾਰੀ ਪ੍ਰੋਗਰਾਮਾਂ ਅਤੇ ਸਹਾਇਤਾ ਸੰਸਥਾਵਾਂ ਬਾਰੇ ਛਾਣ-ਬੀਨ ਕਰੋ।

gov.bc.ca/businessresources

## ਸੰਸਥਾਵਾਂ

ਬੀ.ਸੀ. ਵਿੱਚ ਅਜਿਹੀਆਂ ਸੰਸਥਾਵਾਂ ਬਾਰੇ ਪਤਾ ਕਰੋ, ਜਿਹੜੀਆਂ ਤੁਹਾਡੀ ਬਿਜ਼ਨਸ ਦੀ ਮੁਹਿੰਮ 'ਚ ਸਹਾਈ ਹੋ ਸਕਦੀਆਂ ਹਨ।

gov.bc.ca/businessorganizations

## ਗਾਈਡਾਂ ਅਤੇ ਟੈਂਪਲੇਟਾਂ

ਬੀ.ਸੀ. ਵਿੱਚ ਬਿਜ਼ਨਸ ਦੀਆਂ ਕਾਰਵਾਈਆਂ, ਮੌਕਿਆਂ ਅਤੇ ਸ਼ਰਤਾਂ ਨੂੰ ਸਮਝਣ ਵਿੱਚ ਮਦਦ ਲੈਣ ਲਈ ਸੂਬਾਈ ਵਸੀਲਿਆਂ ਤੱਕ ਪਹੁੰਚ ਕਰੋ।

gov.bc.ca/businessguidestemplates

### ਆਪਣਾ ਬਿਜ਼ਨਸ ਸ਼ੁਰੂ ਕਰਨਾ

ਬੀ.ਸੀ. ਵਿੱਚ ਸਫਲ ਬਿਜ਼ਨਸ ਸ਼ੁਰੂ ਕਰਨ ਅਤੇ ਚਲਾਉਣ ਲਈ ਜ਼ਰੂਰੀ ਕਦਮ ਸਿੱਖੋ। ਬਿਜ਼ਨਸ ਦੀ ਯੋਜਨਾ ਲਿਖਣ ਲਈ ਟੈਂਪਲੇਟਾਂ ਅਤੇ ਬਿਜ਼ਨਸ ਦੀ ਰੂਪ-ਰੇਖਾ ਦੀ ਚੋਣ ਕਿਵੇਂ ਕਰਨੀ ਹੈ ਬਾਰੇ ਜਾਣਕਾਰੀ ਲੱਭੋ।

gov.bc.ca/startyourbusiness

### ਆਪਣੇ ਬਿਜ਼ਨਸ ਦਾ ਪ੍ਰਬੰਧ ਚਲਾਉਣਾ ਅਤੇ ਵਧਾਉਣਾ

ਬੀ.ਸੀ. ਵਿੱਚ ਆਪਣੇ ਬਿਜ਼ਨਸ ਦਾ ਪ੍ਰਬੰਧ ਚਲਾਉਣ ਅਤੇ ਉਸ ਨੂੰ ਵਧਾਉਣ ਵਿੱਚ ਮਦਦ ਲਈ ਜਾਣਕਾਰੀ ਅਤੇ ਵਸੀਲੇ ਲੱਭੋ, ਜਿਸ ਵਿੱਚ ਆਪਣੇ ਸਾਮਾਨ ਅਤੇ ਸੇਵਾਵਾਂ ਨੂੰ ਆਯਾਤ ਅਤੇ ਨਿਰਯਾਤ ਕਿਵੇਂ ਕਰਨਾ ਹੈ, ਸ਼ਾਮਲ ਹੈ।

gov.bc.ca/managegrowbusiness

### ਆਰਥਿਕ ਤਿਆਰੀ ਅਤੇ ਮੁੜ-ਬਹਾਲੀ (ਰਿਕਵਰੀ)

ਕਿਸੇ ਆਫ਼ਤ ਵਾਲੀ ਘਟਨਾ ਤੋਂ ਬਾਅਦ ਆਉਣ ਵਾਲੇ ਆਰਥਿਕ ਝਟਕਿਆਂ ਅਤੇ ਉਨ੍ਹਾਂ ਤੋਂ ਉੱਭਰਨ ਲਈ ਆਪਣੇ ਬਿਜ਼ਨਸ ਨੂੰ ਤਿਆਰ ਹੋਣ ਵਿੱਚ ਮਦਦ ਕਰੋ।

gov.bc.ca/economicrecovery

## ਸਾਧਨ

**ਕੈਨੇਡਾ ਬਿਜ਼ਨਸ ਬੈਨੀਫਿੱਟਜ਼ ਫਾਈਂਡਰ (ਕੈਨੇਡਾ ਦਾ ਬਿਜ਼ਨਸ ਵਿੱਚ ਸਹਾਇਤਾ ਲੱਭਣ ਵਾਲਾ ਸਾਧਨ)**
ਕੈਨੇਡਾ ਭਰ ਵਿੱਚ ਉਪਲਬਧ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਆਪਣੀਆਂ ਜ਼ਰੂਰਤਾਂ 'ਤੇ ਅਧਾਰਿਤ ਸੂਚੀ ਪ੍ਰਾਪਤ ਕਰੋ।

innovation.canada.ca

**ਬਿਜ਼ਪਾਲ**
ਕੈਨੇਡਾ ਭਰ ਤੋਂ ਉਨ੍ਹਾਂ ਨਿਯਮਾਂ ਅਤੇ ਸ਼ਰਤਾਂ ਨੂੰ ਲੱਭੋ, ਜਿਨ੍ਹਾਂ ਦੀ ਤੁਹਾਨੂੰ ਆਪਣਾ ਬਿਜ਼ਨਸ ਸ਼ੁਰੂ ਕਰਨ ਜਾਂ ਉਸ ਨੂੰ ਵਧਾਉਣ ਲਈ ਲੋੜ ਪੈ ਸਕਦੀ ਹੈ।

bcbizpal.ca

## ਮੂਲ ਵਾਸੀ ਸਹਾਇਤਾ

ਮੂਲ ਵਾਸੀ (ਇਨਡਿਜਨਸ) ਬਿਜ਼ਨਸ ਮਾਲਕਾਂ ਲਈ ਬਿਜ਼ਨਸ ਵਿੱਚ ਸਹਾਇਤਾ ਲੱਭੋ। ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਤੋਂ ਮਿਲਦੀਆਂ ਸਲਾਹਕਾਰੀ ਸੇਵਾਵਾਂ, ਵਿੱਤ ਅਤੇ ਕਰਜ਼ੇ, ਸਲਾਹ-ਮਸ਼ਵਰੇ, ਹੁਨਰ ਦੀ ਸਿਖਲਾਈ ਨਾਲ ਸੰਪਰਕ ਕਰਨ ਲਈ ਲੱਭਣ ਵਾਲੀ ਸੂਚੀ ਦੀ ਵਰਤੋਂ ਕਰੋ।

gov.bc.ca/Indigenousbusinessresources

**ਕੀ ਤੁਸੀਂ ਫਸਟ ਨੇਸ਼ਨਜ਼ ਕਮਿਊਨਿਟੀ ਦੇ ਅੰਦਰ ਬਿਜ਼ਨਸ ਕਰ ਰਹੇ ਹੋ?**
ਸਥਾਨਕ ਫਸਟ ਨੇਸ਼ਨਜ਼ ਦੇ ਦਫ਼ਤਰ ਨਾਲ ਸੰਪਰਕ ਕਰਕੇ ਹੋਰ ਜਾਣੋ।

gov.bc.ca/FirstNationslisting

**ਸਰਕਾਰੀ ਪ੍ਰੋਗਰਾਮ, ਸੇਵਾਵਾਂ ਅਤੇ ਸੰਪਰਕ**
ਬਿਜ਼ਨਸ ਦੀ ਰਜਿਸਟਰੀ, ਟੈਕਸਾਂ ਅਤੇ ਹੋਰ ਬਹੁਤ ਕੁਝ ਬਾਰੇ ਮਦਦ ਪ੍ਰਾਪਤ ਕਰੋ ਜਾਂ ਸਵਾਲ ਪੁੱਛੋ।
gov.bc.ca/businesshelp

BRITISH COLUMBIA